**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ**
ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।
ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)
ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370
ਈ-ਮੇਲ:ddssa777@gmail.com Website: ssapunjab.org

---

**ਇਨਫੋਰਸਮੈਂਟ ਸ਼ਾਖਾ**

**ਹੁਕਮ ਨੰ: ਇੰਫੋ-2/2013(209308)**
**ਮਿਤੀ: ਐਸ.ਏ.ਐਸ ਨਗਰ: 28-11-2014**

ਸ੍ਰੀਮਤੀ ਰਾਜਦਵਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਰਕਾਰੀ ਮਿਡਲ ਕਿਲਾ ਜੀਵਨ ਸਿੰਘ ਵਾਲਾ ਕੰਪਲੈਕਯ ਵੱਲ੍ਹਾ ਜਿਲ੍ਹਾ ਅੰਮ੍ਰਿਤਸਰ ਨੂੰ ਮਿਤੀ: 01-11-13 ਤੋ ਸਰਕਾਰੀ ਡਿਊਟੀ ਤੋ ਅਣ-ਅਧਿਕਾਰਤ ਤੌਰ ਤੇ ਗੈਰਹਾਜਰ ਕਾਰਨ ਵੱਡੀ ਸਜ਼ਾ ਦੇਣ ਲਈ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਾਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਪਰ ਕਰਮਚਾਰਨ ਵੱਲੋ ਦੋਸ਼ ਸੂਚੀ ਦਾ ਕੋਈ ਉਤਰ ਨਹੀ ਦਿੱਤਾ ਗਿਆ। ਉਸ ਵਿਰੁੱਧ ਜਾਰੀ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਸਚਾਈ ਜਾਨਣ ਲਈ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾ, ਵੇਰਕਾ ਜਿਲ੍ਹਾ ਅੰਮ੍ਰਿਤਸਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।ਪੜਤਾਲੀਆ ਅਫਸਰ ਵੱਲੋ ਪ੍ਰਾਪਤ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਦੇ ਮਿਤੀ: 01-11-2013 ਤੋ ਬਿਨ੍ਹਾ ਕੋਈ ਸੂਚਨਾਂ ਦਿੱਤੇ ਅਣ-ਅਧਿਕਾਰਤ ਤੌਰ ਤੇ ਗੈਰ-ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।ਪੜਤਾਲ ਰਿਪੋਰਟ ਦੇ ਆਧਾਰ ਤੇ ਦੋ ਅਖਬਾਰਾਂ ਵਿੱਚ ਦਿੱਤੇ ਪਬਲਿਕ ਨੋਟਿਸ ਰਾਹੀ ਸਬੰਧਤ ਕਰਮਚਾਰਨ ਨੂੰ 21 ਦਿਨ੍ਹਾ ਦੇ ਅੰਦਰ ਅੰਦਰ ਇਸ ਦਫਤਰ ਵਿਖੇ ਨਿੱਜੀ ਤੌਰ ਤੇ ਜਾਂ ਲਿਖਤੀ ਰੂਪ ਵਿੱਚ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਪਰ ਕਰਮਚਾਰਨ ਵੱਲੋ ਪਬਲਿਕ ਨੋਟਿਸ ਦਾ ਸਮਾ ਖਤਮ ਹੋਣ ਤੋ ਬਾਅਦ ਤੱਕ ਕੋਈ ਉਤਰ ਪ੍ਰਾਪਤ ਨਹੀ ਹੋਇਆ ਹੈ । ਉਪਰੋਕਤ ਤੋ ਸਪੱਸ਼ਟ ਹੈ ਕਿ ਕਰਮਚਾਰਨ ਦੀ ਸਰਕਾਰੀ ਨੌਕਰੀ ਕਰਨ ਵਿੱਚ ਕੋਈ ਦਿਲਚਸਪੀ ਨਹੀ ਹੈ ।

ਇਸ ਲਈ ਮੈਂ ਜੀ.ਕੇ.ਸਿੰਘ, ਆਈ.ਏ.ਐਸ. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਪੜਤਾਲ ਰਿਪੋਰਟ ਅਤੇ ਉਸ ਦੀ ਗੈਰ ਹਾਜਰੀ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਉਪਰੰਤ ਇਸ ਸਿੱਟੇ ਤੇ ਪੁੱਜਾ ਹਾਂ ਕਿ ਸ੍ਰੀਮਤੀ ਰਾਜਦਵਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਰਕਾਰੀ ਮਿਡਲ ਕਿਲਾ ਜੀਵਨ ਸਿੰਘ ਵਾਲਾ ਕੰਪਲੈਕਯ ਵੱਲ੍ਹਾ ਜਿਲ੍ਹਾ ਅੰਮ੍ਰਿਤਸਰ ਮਿਤੀ: 01-11-2013 ਤੋ ਜਾਣ ਬੁੱਝ ਕੇ ਆਪਣੀ ਡਿਊਟੀ ਤੋ ਗੈਰ-ਹਾਜਰ ਹੈ ਅਤੇ ਉਹ ਸਰਕਾਰੀ ਸੇਵਾ ਕਰਨ ਵਿੱਚ ਕੋਈ ਦਿਲਚਸਪੀ ਨਹੀ ਰੱਖਦੀ। ਇਸ ਲਈ ਸ੍ਰੀਮਤੀ ਰਾਜਦਵਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਰਕਾਰੀ ਮਿਡਲ ਕਿਲਾ ਜੀਵਨ ਸਿੰਘ ਵਾਲਾ ਕੰਪਲੈਕਯ ਵੱਲ੍ਹਾ ਜਿਲ੍ਹਾ ਅੰਮ੍ਰਿਤਸਰ ਨੂੰ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ

ਨਿਯਮ 5 (Viii) ਵੱਡੀਆ ਸਜ਼ਾਵਾਂ ਵਿੱਚ ਵਰਣਿਤ ਸਜ਼ਾ ਦਿੰਦੇ ਹੋਏ ਉਸ ਦੀਆ ਸੇਵਾਵਾਂ ਮਿਤੀ: 01-11-2013 ਤੋ ਖਤਮ ਕੀਤੀਆ ਜਾਂਦੀਆ ਹਨ।

**ਜੀ.ਕੇ.ਸਿੰਘ, ਆਈ.ਏ ਐਸ.**
ਪ/ **ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਇੰਫੋ-2/2013(209308) 7746-58

ਮਿਤੀ: ਐਸ.ਏ.ਐਸ ਨਗਰ: 10/12/2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਡੀ.ਪੀ.ਆਈ (ਸੈ:ਸਿ:)ਪੰਜਾਬ ।
2) ਮੰਡਲ ਸਿੱਖਿਆ ਅਫਸਰ ਜਲੰਧਰ।
3) ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਵਿਦੇਸ਼/ਪੱਕੇ ਪਤੇ ਤੇ ਸਰਵ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
4) ਮੁੱਖ ਅਧਿਆਪਕ, ਸਰਕਾਰੀ ਹਾਈ ਸਕੂਲ ਵੱਲ੍ਹਾ ਜਿਲ੍ਹਾ ਅੰਮ੍ਰਿਤਸਰ।
5) ਸ੍ਰੀਮਤੀ ਰਾਜਦਵਿੰਦਰ ਕੌਰ, ਸਾਇੰਸ ਮਿਸਟ੍ਰੈਸ, ਮਕਾਨ ਨੰ: 910 ਗਲੀ ਤਰਖਾਣਾ ਵਾਲੀ ਚੋਕ ਦਰਬਾਰ ਸਾਹਿਬ, ਬਜ਼ਾਰ ਪਾਪੜਾ ਵਾਲਾ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ।

ਪ/ **ਡਾਇਰੈਕਟਰ ਜਨਰਲ ਸਕੂਲ ਸਿੱਖਿਆ**